# ਪੰਜਾਬੀ ਵਿਭਾਗ

**ਬੀ. ਏ. (ਪੰਜਾਬੀ ਲਾਜ਼ਮੀ) ਭਾਗ -1 ,2, 3** ਦੇ ਵਿਦਿਆਰਥੀਆਂ ਲਈ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਵਿਭਿੰਨ ਪੱਖਾਂ ਨੂੰ ਛੋਹਿਆ ਗਿਆ ਹੈ; ਤਾਂ ਜੋ ਵਿਦਿਆਰਥੀਆਂ ਵਿੱਚ ਸਮਾਜਿਕ , ਸੱਭਿਆਚਾਰਕ, ਰਾਜਨੀਤਿਕ ਅਤੇ ਸਾਹਿਤਕ ਚੇਤਨਾ ਪੈਦਾ ਹੋ ਸਕੇ। ਬੀ. ਏ. ਦੇ ਸਿਲੇਬਸ ਵਿੱਚ ਕਵਿਤਾ, ਕਹਾਣੀ, ਨਾਟਕ, ਨਾਵਲ, ਵਾਰਤਕ ਅਤੇ ਅਲੋਚਨਾ ਦਾ ਮਨੋਰਥ ਵਿਦਿਆਰਥੀਆਂ ਨੂੰ ਵੱਖ- ਵੱਖ ਸਾਹਿਤਕ ਧਾਰਾਵਾਂ ਨਾਲ ਸਾਂਝ ਪਵਾਈ ਜਾਦੀ ਹੈ।

**ਬੀ. ਏ. (ਪੰਜਾਬੀ ਇਲੈਕਟਿਵ) ਭਾਗ – 1, 2, 3** ਦੇ ਵਿਦਿਆਰਥੀਆਂ ਨੂੰ ਸਾਹਿਤਕ ਖੇਤਰ ਵਿੱਚ ਪਰਿਪੱਕ ਕਰਨ ਲਈ, ਉਨ੍ਹਾਂ ਦੇ ਸਾਹਿਤਕ ਸੁਹਜ ਨੂੰ ਵਿਕਸਿਤ ਕਰਨ ਅਤੇ ਉਨ੍ਹਾਂ ਦੀ ਭਾਸ਼ਾ ਸਮਰੱਥਾ ਵਿਚ ਵਾਧਾ ਕਰਨ ਦੇ ਨਾਲ – ਨਾਲ ਵਿਦਿਆਰਥੀਆਂ ਵਿੱਚ ਮਾਂ- ਬੋਲੀ ਲਈ ਪਿਆਰ ਤੇ ਮਾਨਵੀ ਕਦਰਾਂ ਕੀਮਤਾਂ ਵਿਕਸਿਤ ਕਰਨਾ ਹੈ ਤਾਂ ਜੋ ਉਨ੍ਹਾਂ ਦੀ ਜੀਵਨ- ਦ੍ਰਿਸ਼ਟੀ ਵਿਚ ਵਾਧਾ ਹੋ ਸਕੇ।

**ਬੀ. ਏ. ਪੰਜਾਬੀ ਆਨਰਜ਼ :-** ਬੀ.ਏ. ਪੰਜਾਬੀ ਆਨਰਜ਼ ਵਿਦਿਆਰਥੀਆਂ ਲਈ ਆਨਰਜ਼ ਲੈਣਾ ਦੋਹਰਾ ਮੰਤਵ ਹੈ। ਇਕ ਤਾਂ ਇਨ੍ਹਾਂ ਦੀ ਡਿਗਰੀ ਵਿਚ ਵਾਧਾ ਹੁੰਦਾ ਹੈ ਅਤੇ ਦੂਜਾ ਵਿਦਿਆਰਥੀ ਆਪਣੀ ਰਹਿਤਲ ਨੂੰ ਚੰਗੇਰੇ ਢੰਗ ਨਾਲ ਸਮਝਦਾ ਹੈ। ਵਿਦਿਆਰਥੀ ਇਸ ਵਿਚਲੀਆਂ ਕਦਰਾਂ ਕੀਮਤਾਂ ਨੂੰ ਅਪਣਾ ਕੇ ਇਕ ਸੱਭਿਅਕ ਨਾਗਰਿਕ ਬਣਦਾ ਹੈ ਤੇ ਸਾਰੇ ਸਮਾਜਿਕ ਵਰਤਾਰਿਆਂ ਵਿੱਚ ਆਪਣਾ ਅਹਿਮ ਯੋਗਦਾਨ ਪਾਉਂਦਾ ਹੈ। ਬੀ.ਏ. ਪੰਜਾਬੀ ਆਨਰਜ਼ ਕਰਨ ਵਾਲੇ ਵਿਦਿਆਰਥੀ ਕਿਸੇ ਵੀ ਯੂਨੀਵਰਸਿਟੀ ਵਿਚ ਐਮ ਏ. ਪੰਜਾਬੀ ਆਨਰਜ਼ ਵਿੱਚ ਪਹਿਲ ਦੇ ਆਧਾਰ ਉੱਤੇ ਦਾਖ਼ਲਾ ਲੈ ਸਕਦੇ ਹਨ।

**ਐਮ. ਏ. ਪੰਜਾਬੀ, ਭਾਗ – ਪਹਿਲਾ ਤੇ ਦੂਜਾ :-** ਐਮ.ਏ. ਪੰਜਾਬੀ ਵਿਚ ਵਿਦਿਆਰਥੀ ਪੰਜਾਬੀ ਮਾਤ ਭਾਸ਼ਾ ਨਾਲ ਸਬੰਧਤ ਵੱਖੋ ਵੱਖਰੀਆਂ ਵਿਧਾਵਾਂ ਵਿਚ ਪੰਜ ਪੰਜ ਪੇਪਰ ਪੜ੍ਹਦੇ ਹਨ ਇਨ੍ਹਾਂ ਪੇਪਰਾਂ ਦੇ ਹਵਾਲੇ ਨਾਲ ਵਿਦਿਆਰਥੀ ਪੰਜਾਬੀ ਸਾਹਿਤ ਨਾਲ ਪੂਰਨ ਤੌਰ ਉੱਤੇ ਜਾਣੂ ਹੋ ਜਾਂਦੇ ਹਨ । ਇਹ ਸਾਹਿਤ ਵਿਦਿਆਰਥੀਆਂ ਵਿੱਚ ਜਿੱਥੇ ਸੁਹਜ ਤੇ ਆਨੰਦ ਦੀ ਤ੍ਰਿਪਤੀ ਕਰਦਾ ਹੈ, ਉੱਥੇ ਵਿਦਿਆਰਥੀਆਂ ਨੂੰ ਦੇਸ਼ ਦੇ ਚੰਗੇ ਨਾਗਰਿਕ ਬਣਾਉਣ ਵਿੱਚ ਆਪਣਾ ਅਹਿਮ ਰੋਲ ਨਿਭਾਉਂਦਾ ਹੈ। ਐਮ.ਏ. ਪੰਜਾਬੀ ਦੇ ਦੌਰਾਨ ਹੀ ਵਿਦਿਆਰਥੀ ਯੂ.ਜੀ.ਸੀ. ਨੈੱਟ ਜੇ.ਆਰ.ਐੱਫ. ਦਾ ਟੈਸਟ ਪਾਸ ਕਰ ਸਕਦੇ ਹਨ। ਯੂ.ਜੀ.ਸੀ. ਨੈੱਟ ਵਿਦਿਆਰਥੀ ਪੰਜਾਬੀ ਦੇ ਅਸਿਸਟੈਂਟ ਪ੍ਰੋਫ਼ੈਸਰ ਵਜੋਂ ਸੇਵਾ ਨਿਭਾ ਸਕਦੇ ਹਨ ਅਤੇ ਜੇ.ਆਰ.ਐਫ. ਪਾਸ ਵਿਦਿਆਰਥੀ ਯੂ.ਜੀ.ਸੀ. ਦੀ ਫੈਲੋਸ਼ਿਪ ਰਾਹੀਂ ਐਮ. ਫਿੱਲ ਅਤੇ ਪੀ-ਐਚ.ਡੀ. ਦੀ ਡਿਗਰੀ ਪ੍ਰਾਪਤ ਕਰ ਸਕਦੇ ਹਨ। ਇਸ ਤੋਂ ਇਲਾਵਾ ਅਨੁਵਾਦ, ਖੋਜ- ਖੇਤਰ, ਸਰਕਾਰੀ ਅਤੇ ਗੈਰ- ਸਰਕਾਰੀ ਅਦਾਰਿਆਂ ਵਿਚ ਇਹ ਵਿਦਿਆਰਥੀ ਨੌਕਰੀ ਪ੍ਰਾਪਤ ਕਰ ਸਕਦੇ ਹਨ।